
# TECH SCHOOLS



## ਆਪਣੇ ਸਥਾਨਕ ਟੈਕ ਸਕੂਲ ਬਾਰੇ ਹੋਰ ਜਾਣਕਾਰੀ ਦਾ ਪਤਾ ਲਗਾਓ

ਵਿਕਟੋਰੀਆ ਵਿੱਚ ਸਾਡੇ ਕੋਲ 10 ਨਵੇਂ ਸਕੂਲ ਹਨ ਜਿੱਥੇ ਵਿਦਿਆਰਥੀ ਨਵੀਨਤਮ ਤਕਨਾਲੋਜੀ ਅਤੇ ਉਪਕਰਣਾਂ ਬਾਰੇ ਸਿੱਖ ਸਕਦੇ ਹਨ ਅਤੇ ਇਨ੍ਹਾਂ ਦੀ ਵਰਤੋਂ ਕਰ ਸਕਦੇ ਹਨ। ਇਨ੍ਹਾਂ ਨੂੰ ਟੈਕ ਸਕੂਲ ਕਹਿੰਦੇ ਹਨ।

ਟੈਕ ਸਕੂਲ ਵਿਦਿਆਰਥੀਆਂ ਅਤੇ ਟੀਚਰਾਂ ਦੀ ਵਿਗਿਆਨ, ਤਕਨਾਲੋਜੀ, ਇੰਜੀਨੀਅਰਿੰਗ ਅਤੇ ਗਣਿਤ ਵਿੱਚ ਯੋਗਤਾਵਾਂ ਦਾ ਨਿਰਮਾਣ ਕਰਨ ਵਿੱਚ ਮਦਦ ਕਰਦੇ ਹਨ; ਇਨ੍ਹਾਂ ਯੋਗਤਾਵਾਂ ਨੂੰ STEM (Science, Technology, Engineering and Maths) ਯੋਗਤਾਵਾਂ ਕਹਿੰਦੇ ਹਨ। ਟੈਕ ਸਕੂਲ ਵਿਦਿਆਰਥੀਆਂ ਨੂੰ ਸਮੱਸਿਆਵਾਂ ਦਾ ਹੱਲ ਕੱਢਣ ਲਈ ਰਚਨਾਤਮਕ ਤਰੀਕੇ ਨਾਲ ਸੋਚ-ਵਿਚਾਰ ਕਰਨ ਅਤੇ ਰੱਲ-ਮਿਲਕੇ ਕੰਮ ਕਰਨ ਵਿੱਚ ਵੀ ਮਦਦ ਦਿੰਦੇ ਹਨ। ਇਹ ਯੋਗਤਾਵਾਂ ਭਵਿੱਖ ਵਿੱਚ ਨੌਕਰੀਆਂ ਲਈ ਬਹੁਤ ਮਹਤਵਪੂਰਣ ਹਨ। ਰੋਜ਼ਗਾਰਦਾਤਾਵਾਂ ਦਾ ਕਹਿਣਾ ਹੈ ਕਿ ਇਨ੍ਹਾਂ ਯੋਗਤਾਵਾਂ ਦੀ ਲੋੜ ਵਧੱਦੀ ਜਾ ਰਹੀ ਹੈ।

ਟੈਕ ਸਕੂਲ ਪੁਰਾਣੇ ਤਕਨੀਕੀ ਸਕੂਲਾਂ ਵਰਗੇ ਨਹੀਂ ਹਨ। ਟੈਕ ਸਕੂਲ ਨਵੇਂ ਹਨ ਅਤੇ ਇਨ੍ਹਾਂ ਵਿੱਚ ਉਹ ਪ੍ਰੋਗ੍ਰਾਮ ਸ਼ਾਮਿਲ ਹਨ ਜਿਨ੍ਹਾਂ ਦੀ ਲੋੜ ਅੱਜਕਲ ਵਿਦਿਆਰਥੀਆਂ ਨੂੰ ਹੁੰਦੀ ਹੈ। ਵਿਦਿਆਰਥੀਆਂ ਨੂੰ ਅਸਲ ਸੰਸਾਰ ਦੀਆਂ ਸਮੱਸਿਆਵਾਂ ਤੇ ਕੰਮ ਕਰਨ ਦਾ ਮੌਕਾ ਮਿਲਦਾ ਹੈ ਅਤੇ ਉਹ ਹਾਈ-ਟੈਕ ਚੀਜ਼ਾਂ ਦੀ ਵਰਤੋਂ ਕਰ ਸਕਦੇ ਹਨ ਜਿਵੇਂ ਕਿ:

- ਵਰਚੁਅਲ ਰਿਐਲਿਟੀ
- ਰੋਬੋਟਿਕਸ
- 3D ਪ੍ਰਿੰਟਿੰਗ।

ਸੈਕੇਂਡਰੀ ਸਕੂਲਾਂ ਦੇ ਵਿਦਿਆਰਥੀ ਟੈਕ ਸਕੂਲਾਂ ਦੀ ਵਰਤੋਂ ਕਰ ਸਕਦੇ ਹਨ। ਉਹ ਆਪਣੇ ਸਥਾਨਕ ਸਕੂਲ ਜਾਂਦੇ ਹਨ ਅਤੇ ਆਪਣੇ ਨਜ਼ਦੀਕੀ ਟੈਕ ਸਕੂਲ ਵਿੱਚ ਕੁੱਝ ਕਲਾਸਾਂ ਵਿੱਚ ਭਾਗ ਲੈਂਦੇ ਹਨ। ਟੈਕ ਸਕੂਲ ਵਿੱਚ ਲਗਾਇਆਂ ਜਾਣ ਵਾਲੀਆਂ ਕਲਾਸਾਂ ਲਈ ਕੋਈ ਵਾਧੂ ਪੈਸੇ ਨਹੀਂ ਦੇਣੇ ਪੈਂਦੇ ਹਨ।

ਅਸੀਂ ਇਨ੍ਹਾਂ ਸਕੂਲਾਂ ਦਾ ਨਿਰਮਾਣ ਕਰਨ ਲਈ 128 ਮਿਲੀਅਨ ਡਾਲਰ ਦੀ ਰਾਸ਼ੀ ਖਰਚ ਕੀਤੀ ਹੈ। ਅਸੀਂ ਇਥੋਂ ਤਕ ਕਿ ਹੋਰ ਪੈਸੇ ਬਚਾ ਕੇ ਰੱਖੇ ਹਨ ਤਾਂਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਨ੍ਹਾਂ ਸਕੂਲਾਂ ਕੋਲ ਨਵੀਨਤਮ ਤਕਨਾਲੋਜੀ ਆਉਣੀ ਜਾਰੀ ਰਹੇ। ਟੈਕ ਸਕੂਲਾਂ ਦੀ ਵਰਤੋਂ ਸਰਕਾਰੀ, ਸੁਤੰਤਰ, ਅਤੇ ਕੈਥੋਲਿਕ ਸਕੂਲਾਂ ਦੇ ਵਿਦਿਆਰਥੀਆਂ ਦੁਆਰਾ ਕੀਤੀ ਜਾ ਸਕਦੀ ਹੈ।





THE EDUCATION STATE

VICTORIA State Government

# TECH SCHOOLS



ਆਪਣੇ ਸਥਾਨਕ ਟੈਕ ਸਕੂਲ ਬਾਰੇ ਹੋਰ ਜਾਣਕਾਰੀ ਦਾ ਪਤਾ ਲਗਾਓ

## ਟੈਕ ਸਕੂਲਾਂ ਦੀਆਂ ਥਾਵਾਂ


| | | |
|---|---|---|
| 1 | Ballarat | Federation University, Central Campus |
| 2 | Banyule Nillumbik | Melbourne Polytechnic, Greensborough Campus |
| 3 | Bendigo | La Trobe University, Flora Hill Campus |
| 4 | Casey | Chisholm Institute, Berwick Campus |
| 5 | Geelong | The Gordon Institute, Central Campus |
| 6 | Gippsland | TAFE Gippsland, Morwell Campus |
| 7 | Monash | Monash University, Clayton Campus |
| 8 | Whittlesea | Melbourne Polytechnic, Epping Campus |
| 9 | Wyndham | Victoria University, Werribee Campus |
| 10 | Yarra Ranges | Box Hill Institute, Lilydale Campus |

## ਵਧੇਰੀ ਜਾਣਕਾਰੀ ਲਈ

**www.education.vic.gov.au/techschools** ਵੇਖੋ ਜਾ

**tech.schools@edumail.vic.gov.au** ਤੇ ਈਮੇਲ ਕਰੋ



THE EDUCATION STATE

VICTORIA State Government

17-0185